**Keertan.Org Press**
December 2008

# ਹਾਫਸਟ੍ਰਾ ਯੂਨੀਵਰਸਿਟੀ ਵਿਚ ਡਾ. ਗੁਰਨਾਮ ਸਿੰਘ ਵਲੋਂ ਸ਼ਬਦ ਗਾਇਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਪ੍ਰੋਫੈਸਰ ਤੇ ਮੁਕੀ ਡਾ. ਗੁਰਨਾਮ ਸਿੰਘ ਵਲੋਂ ੯ ਦਸੰਬਰ ਨੂੰ ੬.੩੦ ਤੋਂ ੮.੩੦ ਵਜੇ ਹੋਫਸਟਰਾ ਯੂਨੀਵਰਸਿਟੀ, ਹੈਮਪਸਟੈਨਡ (ਨਿਯੂਯਾਰਕ) ਦੇ ਨਾਰਥ ਕੈਂਪਸ ਦੇ ਮੈਕ ਸਟੂਡੈਂਟ ਸੈਂਟਰ ਵਿਖੇ ੩੦੦ ਸਾਲਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਇਕ ਕੀਰਤਨ ਦਰਬਾਰ ਕੀਤਾ ਜਾ ਰਿਹਾ ਹੈ । ਜਿਸ ਵਿਚ ਡਾ. ਗੁਰਨਾਮ ਸਿੰਘ ਤੰਤੀ ਸਾਜ਼ਾਂ ਉਪਰ ਰਾਗਬੱਧ ਕੀਰਤਨ ਕਰਨਗੇ । ਇਹ ਇਹ ਦੱਸਣਾ ਉਚਿਤ ਹੋਵੇਗਾ ਕਿ ਉੱਘੇ ਸਿੱਖ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਅੱਜ ਕਲ ਹੋਫਸਟਰਾ ਯੂਨੀਵਰਸਿਟੀ ਦੇ ਧਰਮ ਵਿਗਿਆਨ ਵਿਭਾਗ ਵਿਖੇ ਗੁਰਮਤਿ ਸੰਗੀਤ ਵਿਸ਼ੇ 'ਤੇ ਸਪੈਸ਼ਲ ਲੈਕਚਰ ਦੇਣ ਆਏ ਹਨ । ਡਾ. ਗੁਰਨਾਮ ਸਿੰਘ, ਉਨ੍ਹਾਂ ਵਿਦਵਾਨਾਂ ਵਿਚੋਂ ਪ੍ਰਮੁੱਖ ਹਨ ਜੋ ਸਿੱਖ ਆਰਟ ਐਂਡ ਕਲਚਰ ਨੂੰ ਸੰਭਾਲਣ ਹਿਤ ਯਤਨਸ਼ੀਲ਼ ਹਨ । ਡਾ. ਗੁਰਨਾਮ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਚੇਅਰ ਅਤੇ ਗੁਮਤਿ ਸੰੀਤ ਵਿਭਾਗ ਨੂੰ ਸਥਾਪਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ । ਡਾ. ਗੁਰਨਾਮ ਸਿੰਘ ਦੀਆਂ ਸੰਗੀਤ ਅਤੇ ਗੁਰਮਤਿ ਸੰਗੀਤ 'ਤੇ ਅਨੇਕਾਂ ਖੋਜ ਭਰਪੂਰ ਪੁਸਤਕਾਂ ਪ੍ਰਕਾਸ਼ਤ ਹੋ ਚੁਕੀਆਂ ਹਨ । ਡਾ. ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ੩੧ ਰਾਗਾਂ ਆਧਾਰਤ ਬਾਣੀ ਦਾ ਗਾਇਨ ਕਰਕੇ ਕੈਸਟਾਂ ਤੇ ਸੀ.ਡੀਜ਼ ਵੀ ਰਿਕਾਰਡ ਕਰਵਾਈਆਂ ਹਨ ।